**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਪਵਨ ਕੁਮਾਰ ਸ਼ਰਮਾਂ, ਵਕੀਲ 9463950619
ਮਕਾਨ ਨ: 585 ਫੇਜ਼ 2 ਮੁਹਾਲੀ। ----ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਐਸ.ਐਮ.ਓ. ਸਿਵਲ ਹਸਪਤਾਲ ਮੋਹਾਲੀ। -----ਉੱਤਰਦਾਤਾ

**ਸ਼ਿਕਾਇਤ ਕੇਸ ਨੰ: 1162 ਆਫ 2018**

**ਹਾਜ਼ਰ:**

1. ਸ਼ਿਕਾਇਤਕਰਤਾ ਵਲੋਂ ਕੋਈ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਨਹੀਂ।

**ਹੁਕੱਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 20-09-2019, ਲੋਕ ਸੂਚਨਾ ਅਧਿਕਾਰੀ ਦਫਤਰ ਐਸ.ਐਮ.ਓ. ਸਿਵਲ ਹਸਪਤਾਲ ਮੋਹਾਲੀ ਨੂੰ ਪੇਸ਼ ਕੀਤਾ ਗਿਆ ਜਿਸ ਰਾਹੀਂ ਉਸ ਨੇ ਸਿਵਲ ਹਸਪਤਾਲ ਮੋਹਾਲੀ ਤੋਂ ਉਨ੍ਹਾਂ ਵਲੋਂ ਖਰੀਦੀ ਜਾਣ ਵਾਲੀ ਡੇਲੀ ਆਈਟਮਾਂ ਨੂੰ ਸਪਲਾਈ ਕਰਨ ਵਾਲੇ ਵੈਂਡਰਾਂ ਨੂੰ ਕੀਤੀਆਂ ਅਦਾਇਗੀਆਂ, ਪਰਚੇਜ਼ ਆਡਰਾਂ ਆਦਿ ਨਾਲ ਸਬੰਧਤ 08 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸਹੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 01-11-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ। ਇਸ ਕੇਸ ਵਿਚ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਅਗਲੀ ਮਿਤੀ ਬਾਰੇ ਬਾਅਦ ਵਿਚ ਸੂਚਿਤ ਕਰਨ ਲਈ ਲਿਖਿਆ ਗਿਆ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਇਸ ਕੇਸ ਨੂੰ ਪੜਚੋਲਣ ਉਪਰੰਤ ਮਿਤੀ 20-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

2. ਅੱਜ ਪੇਸ਼ੀ ਤੇ ਸ਼ਿਕਾਇਤਰਤਾ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਪੱਤਰ ਮਿਤੀ 01-02-2020 ਡਾਕ ਰਾਹੀਂ ਪ੍ਰਾਪਤ ਹੋਇਆ ਜਿਸ ਰਾਹੀਂ ਉਸ ਵਲੋਂ ਦਸਿਆ ਗਿਆ ਕਿ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋ ਸਕਦਾ । ਉਸ ਵਲੋਂ ਇਹ ਵੀ ਦਸਿਆ ਗਿਆ ਕਿ ਉਸਨੂੰ ਕਮਿਸ਼ਨ ਦੇ ਹੁਕੱਮ ਮਿਤੀ 8-8-2019 ਉਪਰੰਤ ਵੀ ਅਜੇ ਤੱਕ ਸੂਚਨਾ ਨਹੀਂ ਦਿੱਤੀ ਗਈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵਲੋਂ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਦੋਨਾਂ ਧਿਰਾਂ ਵਲੋਂ ਪੇਸੀ ਤੇ ਕੋਈ ਹਾਜ਼ਰ ਨਹੀਂ ਹੋਇਆ। ਸ਼ਿਕਾਇਤਕਰਤਾ ਵਲੋਂ ਆਪਣੇ ਉਕਤ ਪੱਤਰ ਮਿਤੀ 1-2-2020 ਰਾਹੀਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸ਼ਿਕਾਇਤਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 16-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 04 ਫਰਵਰੀ, 2020.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਕਰਤੋੜ ਸਿੰਘ ਪੁੱਤਰ ਸ੍ਰੀ ਦੀਦਾਰ ਸਿੰਘ,
ਪਿੰਡ ਬਹਿਕ ਫੱਤੂ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ --------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਡਾਇਰੈਕਟਰ ਰੂਰਲ ਡਿਵੈਲਪਮੈਂਟ ਐਂਡ ਪੰਚਾਇਤ ਵਿਭਾਗ,
ਪਜਾਬ ਮੋਹਾਲੀ। ----------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 320 ਆਫ 2019**

**ਹਾਜ਼ਰ:**

1. ਸ਼ਿਕਾਇਤਕਰਤਾ ਵਲੋਂ ਕੋਈ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਅਵਤਾਰ ਸਿੰਘ ਸੀਨੀਅਰ ਸਹਾਇਕ (9988468844) ਸ੍ਰੀ ਕੁਲਦੀਪ ਸਿੰਘ, ਸੁਪਰਡੰਟ (8427783922)

**ਹੁਕੱਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 04-12-2018 , ਲੋਕ ਸੂਚਨਾ ਅਧਿਕਾਰੀ ਦਫਤਰ ਡਾਇਰੈਕਟਰ ਰੂਰਲ ਡਿਵੈਲਪਮੈਂਟ ਐਂਡ ਪੰਚਾਇਤ ਵਿਭਾਗ,ਪਜਾਬ ਮੋਹਾਲੀ ਨੂੰ ਪੇਸ਼ ਕੀਤਾ ਗਿਆ ਜਿਸ ਰਾਹੀਂ ਉਸ ਨੇ ਸ੍ਰੀ ਪਰਮਿਦਰ ਸਿੰਘ ਸੁਪਰਡੰਟ ਦਫਤਰ ਬੀ.ਡੀ.ਪੀ.ਓ.ਮੱਖੂ ਦੀ ਨਿੱਜੀ ਸੂਚਨਾ ਨਾਲ ਸਬੰਧਤ 06 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸਹੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ ਨੂੰ ਕਮਿਸ਼ਨ ਕੋਲ ਦੂਜੀ ਸ਼ਿਕਾਇਤ ਦਾਇਰ ਕੀਤੀ ਸੀ। ਇਸ ਕੇਸ ਵਿਚ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਅਗਲੀ ਮਿਤੀ ਬਾਰੇ ਬਾਅਦ ਵਿਚ ਸੂਚਿਤ ਕਰਨ ਲਈ ਲਿਖਿਆ ਗਿਆ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਇਸ ਸ਼ਿਕਾਇਤ ਕੇਸ ਨੂੰ ਪੜਚੋਲਣ ਉਪਰੰਤ ਮਿਤੀ 20-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

2. ਸ਼ਿਕਾਇਤਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਅਵਤਾਰ ਸਿੰਘ ਸੀਨੀਅਰ ਸਹਾਇਕ ਸ੍ਰੀ ਕੁਲਦੀਪ ਸਿੰਘ, ਸੁਪਰਡੰਟ, ਹਾਜ਼ਰ ਹੋਏ ਉਨ੍ਹਾਂ ਵਲੋਂ ਪੱਤਰ ਮੀਮੋ ਨੰ: 7/1/19-2 ਆਰ.ਡੀ.ਈ.5/698 ਮਿਤੀ 3-2-2020 ਜੋ ਕਮਿਸ਼ਨ ਨੂੰ ਸੰਬੋਧਤ ਹੈ ਪੇਸ਼ ਕੀਤਾ ਗਿਆ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।ਇਸ ਤੋਂ ਇਲਾਵਾ ਨੋਡਲ ਅਫਸਰ (ਆਰਟੀ.ਆਈ.) ਵਲੋਂ ਪੱਤਰ ਮਿਤੀ 6-1-2020 ਨੂੰ ਸੂਚਨਾ ਲੈ ਕੇ ਕਮਿਸ਼ਨ ਦੇ ਦਫਤਰ ਰਿਕਾਰਡ ਸਮੇਤ ਹਾਜ਼ਰ ਹੋਣ ਲਈ ਪੀ.ਆਈ.ਓ. ਨੂੰ ਹਦਾਇਤ ਕੀਤੀ ਗਈ ਅਤੇ ਉਤਾਰਾ ਕਮਿਸ਼ਨ ਨੂੰ ਭੇਜਿਆ ਗਿਆ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਸ਼ਿਕਾਇਤਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ। ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦਿਆਂ ਵਲੋਂ ਉਕਤ ਪੱਤਰ ਮਿਤੀ 3-2-2020 ਪੇਸ਼ ਕੀਤਾ ਗਿਆ ਜਿਸ ਰਾਹੀਂ ਉਨ੍ਹਾਂ ਵਲੋਂ ਨੁਕਤਾਵਾਰ ਸੂਚਨਾ ਸਪਲਾਈ ਕੀਤੀ ਗਈ ਹੈ। ਸ਼ਿਕਾਇਤਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉੱਤਰਦਾਤਾ ਵਲੋਂ ਭੇਜੀ ਗਈ ਸੂਚਨਾ ਵਿਚ ਕੋਈ ਤਰੁੱਟੀਆਂ ਪਾਈਆਂ ਜਾਂਦੀਆਂ ਹਨ ਤਾਂ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸ਼ਿਕਾਇਤਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਉਸਨੂੰ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 23-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 04 ਫਰਵਰੀ, 2020.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਸਵਰਨ ਸਿਘ, 8195857107
ਪਿੰਡ ਮਹਿਮੂਦ ਖਾਨੇ ਕੇ, ਡਾਕਖਾਨਾ ਅਮੀਰ ਖਾਸ,
ਤਹਿਸੀਲ ਜਲਾਲਾਬਾਦ(ਵੈਸਟ) ਜ਼ਿਲ੍ਹਾ ਫਾਜਿਲਕਾ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਬੀ.ਡੀ.ਪੀ.ਓ. ਗੁਰੂਹਰਸਹਾਇ, ਜ਼ਿਲ੍ਹਾ ਫਾਜਿਲਕਾ।

ਪਹਿਲੀ ਅਪੀਲੀ ਅਥਾਰਟੀ,
ਡੀ.ਡੀ.ਪੀ.ਓ. ਫਿਰੋਜ਼ਪੁਰ। -----ਉੱਤਰਦਾਤਾ

**ਅਪੀਲ ਕੇਸ ਨੰ:2011 ਆਫ 2019**

**ਹਾਜ਼ਰ:**

1. ਅਪੀਲਕਰਤਾ ਸ੍ਰੀ ਸਵਰਨ ਸਿਘ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਨਹੀਂ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 21-02-2019 , ਲੋਕ ਸੂਚਨਾ ਅਧਿਕਾਰੀ ਦਫਤਰ ਬੀ.ਡੀ.ਪੀ.ਓ. ਗੁਰੂਹਰਸਹਾਇ, ਜ਼ਿਲ੍ਹਾ ਫਾਜਿਲਕਾ ਨੂੰ ਪੇਸ਼ ਕੀਤਾ ਗਿਆ ਜਿਸ ਰਾਹੀਂ ਉਸ ਨੇ ਪੰਚਾਇਤ ਸਕੱਤਰ ਗੁਰਮੀਤ ਸਿੰਘ ਬੀ.ਡੀ.ਪੀ.ਓ. ਗੁਰੂ ਹਰਸਹਾਇ, ਜਿਲਾ ਫਿਰੋਜ਼ਪੁਰ ਨਾਲ ਸਬੰਧਤ 02 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸਹੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 15-4-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 3-6-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਵਿਚ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੌਂ ਅਗਲੀ ਮਿਤੀ ਬਾਰੇ ਬਾਅਦ ਵਿਚ ਸੂਚਿਤ ਕਰਨ ਲਈ ਲਿਖਿਆ ਗਿਆ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਇਸ ਅਪੀਲ ਕੇਸ ਨੂੰ ਪੜਚੋਲਣ ਉਪਰੰਤ ਮਿਤੀ 20-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

2. ਅਪੀਲਕਰਤਾ ਸ੍ਰੀ ਸਵਰਨ ਸਿੰਘ ਅੱਜ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸਨੂੰ ਮੰਗੀ ਗਈ ਸਹੀ ਸੂਚਨਾ ਅਜੇ ਤੱਕ ਨਹੀਂ ਦਿੱਤੀ ਗਈ ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਸ੍ਰੀ ਸੁਖਬੀਰ ਸਿੰਘ, ਸਮਤੀ ਪਟਵਾਰੀ, ਦਫਤਰ ਬੀ.ਡੀ.ਪੀ.ਓ. ਗੁਰੂਹਰਸਹਾਏ ਵਲੋਂ ਈ.ਮੇਲ. ਰਾਹੀਂ ਦਸਿਆ ਗਿਆ ਕਿ ਉਸਦੀ ਅਚਾਨਕ ਤਬੀਅਤ ਖਰਾਬ ਹੋ ਗਈ ਹੈ ਇਸ ਲਈ ਉਹ ਹਾਜ਼ਰ ਨਹੀਂ ਹੋ ਸਕਦਾ। ਪੱਤਰ ਕਮਿਸ਼ਨ ਨੂੰ ਸਬੋਧਤ ਹੈ, ਮਿਸਲ ਤੇ ਰੱਖ ਲਿਆ ਗਿਆ ਹੈ।

4. ਪੇਸ਼ੀ ਤੇ ਹਾਜ਼ਰ ਅਪੀਲਕਰਤਾ ਵਲੋਂ ਦਸਿਆ ਗਿਆ ਕਿ ਉਸ ਵਲੋਂ ਪੰਚਾਇਤ ਸਕੱਤਰ ਸ੍ਰੀ ਗੁਰਮੀਤ ਸਿੰਘ ਵਲੋਂ ਨੌਕਰੀ ਲੈਣ ਸਮੇ ਪੇਸ਼ ਕੀਤੇ ਦਸਤਾਵੇਜ਼ਾਂ ਦੀਆਂ ਕਾਪੀਆਂ ਅਤੇ ਉਸਦੀ ਸਰਵਿਸ ਬੁੱਕ ਦੀ ਫੋਟੋਕਾਪੀ ਦੀ ਮੰਗ ਕੀਤੀ ਗਈ ਹੈ ਜ਼ੋ ਅਜੇ ਤੱਕ ਨਹੀ਼ ਦਿੱਤੀ ਗਈ। ਰਿਕਾਰਡ ਅਨੁਸਾਰ ਉੱਤਰਦਾਤਾ ਵਲੋਂ ਆਪਣੇ ਪੱਤਰ ਨੰ: 1513 ਮਿਤੀ 10-09-2019 ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਉਤਾਰਾ ਕਮਿਸ਼ਨ ਦੇ ਨਾਲ ਨਾਲ ਸ੍ਰੀ ਸੁਖਬੀਰ ਸਿੰਘ, ਸੰਮਤੀ ਪਟਵਾਰੀ ਅਤੇ ਸ੍ਰੀ ਗੁਰਮੀਤ ਸਿੰਘ ਪੰਚਾਇਤ ਸਕੱਤਰ ਬਲਾਕ ਗੁਰੂਹਰਸਹਾਏ ਨੂੰ ਭੇਜਿਆ ਗਿਆ ਹੈ, ਮਿਸਲ ਤੇ ਉਪਲਭਧ ਹੈ। ਇਸ ਪੱਤਰ ਰਾਹੀਂ ਅਪੀਲਕਰਤਾ ਨੂੰ ਸੂਚਿਤ ਕੀਤਾ ਗਿਆ ਕਿ ਸ੍ਰੀ ਗੁਰਮੀਤ ਸਿੰਘ ਪੰਚਾਇਤ ਸਕੱਤਰ ਦੀ ਨਿਜੀ ਸਰਵਿਸ ਰਿਕਾਰਡ ਸਬੰਧੀ ਸੂਚਨਾ ਦੇਣ ਲਈ ਦਫਤਰ ਵਲੋਂ ਸ੍ਰੀ ਗੁਰਮੀਤ ਸਿੰਘ ਪੰਚਾਇਤ ਸਕੱਤਰ ਨੂੰ ਲਿਖਿਆ ਗਿਆ , ਸੂਚਨਾ ਦੇਣ ਸਬੰਧੀ ਸ੍ਰੀ ਗੁਰਮੀਤ ਸਿੰਘ ਪੰਚਾਇਤ ਸਕੱਤਰ ਵਲੋਂ ਇੰਨਕਾਰ ਕੀਤਾ ਗਿਆ ਹੈ। ਇਸ ਲਈ ਇਹ ਸੂਚਨਾ ਕਰਮਚਾਰੀ ਦੀ ਨਿੱਜੀ ਸੂਚਨਾ ਹੋਣ ਕਾਰਨ ਆਪ ਨੂੰ ਮੁਹੱਈਆਂ ਨਹੀਂ ਕਰਵਾਈ ਜਾ ਸਕਦੀ। ਕਮਿਸ਼ਨ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਨਾਲ ਸਹਿਮਤ ਹੈ ਅਤੇ ਸੰਤੁਸ਼ਟ ਹੈ। ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ, 04 ਫਰਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਸਵਰਨ ਸਿਘ, 8195857107
ਪਿੰਡ ਮਹਿਮੂਦ ਖਾਨੇ ਕੇ, ਡਾਕਖਾਨਾ ਅਮੀਰ ਖਾਸ,
ਤਹਿਸੀਲ ਜਲਾਲਾਬਾਦ(ਵੈਸਟ) ਜ਼ਿਲ੍ਹਾ ਫਾਜਿਲਕਾ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਬੀ.ਡੀ.ਪੀ.ਓ. ਗੁਰੂਹਰਸਹਾਇ, ਜ਼ਿਲ੍ਹਾ ਫਾਜਿਲਕਾ।

ਪਹਿਲੀ ਅਪੀਲੀ ਅਥਾਰਟੀ,
ਡੀ.ਡੀ.ਪੀ.ਓ. ਫਿਰੋਜ਼ਪੁਰ। -----ਉੱਤਰਦਾਤਾ

**ਅਪੀਲ ਕੇਸ ਨੰ:2012 ਆਫ 2019**

**ਹਾਜ਼ਰ:**

1. ਅਪੀਲਕਰਤਾ ਸ੍ਰੀ ਸਵਰਨ ਸਿਘ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਨਹੀਂ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 18-02-2019 , ਲੋਕ ਸੂਚਨਾ ਅਧਿਕਾਰੀ ਦਫਤਰ ਬੀ.ਡੀ.ਪੀ.ਓ. ਗੁਰੂਹਰਸਹਾਇ, ਜ਼ਿਲ੍ਹਾ ਫਾਜਿਲਕਾ ਨੂੰ ਪੇਸ਼ ਕੀਤਾ ਗਿਆ ਜਿਸ ਰਾਹੀਂ ਉਸ ਨੇ ਪੰਚਾਇਤ ਚੋਣਾਂ 2018 ਦੋਰਾਨ ਪਿੰਡ ਮਹਿਮੂਦ ਖਾਨੇ ਕੇ ਲਈ ਸੀਮਾ ਰਾਣੀ, ਪ੍ਰਵੀਨ ਰਾਣੀ, ਰਾਣੋ ਬਾਈ ਅਤੇ ਜ਼ਸਪਾਲ ਸਿੰਘ ਵਲੋਂ ਭਰੀਆਂ ਨੋਮੀਨੇਸ਼ਨਜ਼ ਨਾਲ ਸਬੰਧਤ 02 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸਹੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 15-4-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 3-6-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਵਿਚ ਪੂਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਅਗਲੀ ਮਿਤੀ ਬਾਰੇ ਬਾਅਦ ਵਿਚ ਸੂਚਿਤ ਕਰਨ ਲਈ ਲਿਖਿਆ ਗਿਆ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਇਸ ਅਪੀਲ ਕੇਸ ਨੂੰ ਪੜਚੋਲਣ ਉਪਰੰਤ ਮਿਤੀ 20-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

2. ਅਪੀਲਕਰਤਾ ਸ੍ਰੀ ਸਵਰਨ ਸਿੰਘ ਅੱਜ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸਨੂੰ ਮੰਗੀ ਗਈ ਸਹੀ ਸੂਚਨਾ ਅਜੇ ਤੱਕ ਨਹੀਂ ਦਿੱਤੀ ਗਈ ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਸ੍ਰੀ ਸੁਖਬੀਰ ਸਿੰਘ, ਸਮਤੀ ਪਟਵਾਰੀ, ਦਫਤਰ ਬੀ.ਡੀ.ਪੀ.ਓ. ਗੁਰੂਹਰਸਹਾਏ ਵਲੋਂ ਈ.ਮੇਲ. ਰਾਹੀਂ ਦਸਿਆ ਗਿਆ ਕਿ ਉਸਦੀ ਅਚਾਨਕ ਤਬੀਅਤ ਖਰਾਬ ਹੋ ਗਈ ਹੈ ਇਸ ਲਈ ਉਹ ਹਾਜ਼ਰ ਨਹੀਂ ਹੋ ਸਕਦਾ। ਪੱਤਰ ਕਮਿਸ਼ਨ ਨੂੰ ਸਬੋਧਤ ਹੈ, ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ ਵਲੋਂ ਪ੍ਰਾਪਤ ਈ.ਮੇਲ. ਰਾਹੀਂ ਸਬੰਧਤ ਕਰਮਚਾਰੀ ਸ੍ਰੀ ਸੁਖਬੀਰ ਸਿੰਘ, ਸਮਤੀ ਪਟਵਾਰੀ, ਦਫਤਰ ਬੀ.ਡੀ.ਪੀ.ਓ. ਗੁਰੂਹਰਸਹਾਏ ਵਲੋਂ ਦਸਿਆ ਗਿਆ ਕਿ ਉਸਦੀ ਅਚਾਨਕ ਤਬੀਅਤ ਖਰਾਬ ਹੋ ਗਈ ਹੈ ਇਸ ਲਈ ਉਹ ਹਾਜ਼ਰ ਨਹੀਂ ਹੋ ਸਕਦਾ। ਇਸ ਲਈ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 16-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 04 ਫਰਵਰੀ, 2020.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਸਵਰਨ ਸਿਘ, 8195857107
ਪਿੰਡ ਮਹਿਮੂਦ ਖਾਨੇ ਕੇ, ਡਾਕਖਾਨਾ ਅਮੀਰ ਖਾਸ,
ਤਹਿਸੀਲ ਜਲਾਲਾਬਾਦ(ਵੈਸਟ) ਜ਼ਿਲ੍ਹਾ ਫਾਜਿਲਕਾ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਬੀ.ਡੀ.ਪੀ.ਓ. ਗੁਰੂਹਰਸਹਾਇ, ਜ਼ਿਲ੍ਹਾ ਫਾਜਿਲਕਾ।

ਪਹਿਲੀ ਅਪੀਲੀ ਅਥਾਰਟੀ,
ਡੀ.ਡੀ.ਪੀ.ਓ. ਫਿਰੋਜ਼ਪੁਰ। -----ਉੱਤਰਦਾਤਾ

**ਅਪੀਲ ਕੇਸ ਨੰ:2013 ਆਫ 2019**

**ਹਾਜ਼ਰ:**

1. ਅਪੀਲਕਰਤਾ ਸ੍ਰੀ ਸਵਰਨ ਸਿਘ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਨਹੀਂ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 20-02-2019 , ਲੋਕ ਸੂਚਨਾ ਅਧਿਕਾਰੀ ਦਫਤਰ ਬੀ.ਡੀ.ਪੀ.ਓ. ਗੁਰੂਹਰਸਹਾਇ, ਜ਼ਿਲ੍ਹਾ ਫਾਜਿਲਕਾ ਨੂੰ ਪੇਸ਼ ਕੀਤਾ ਗਿਆ ਜਿਸ ਰਾਹੀਂ ਉਸ ਨੇ ਸਾਲ 2013 ਤੋਂ ਲੈਕੇ 2018 ਦਰਮਿਆਨ ਗ੍ਰਾਮ ਪੰਚਾਇਤ ਪਿੰਡ ਮਹਿਮੂਦ ਖਾਨੇ ਕੇ ਨੂੰ ਗਰੀਬ ਲੋਕਾਂ ਲਈ ਸਰਕਾਰ ਵਲੋਂ ਪੱਕੇ ਘਰ ਬਣਾਉਣ ਅਤੇ ਚੁੱਲ੍ਹਾ ਟੈਕਸ ਮੁਆਫ ਕਰਨ ਨਾਲ ਸਬੰਧਤ 04 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸਹੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 15-4-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 3-6-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਵਿਚ ਪੂਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਅਗਲੀ ਮਿਤੀ ਬਾਰੇ ਬਾਅਦ ਵਿਚ ਸੂਚਿਤ ਕਰਨ ਲਈ ਲਿਖਿਆ ਗਿਆ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਇਸ ਅਪੀਲ ਕੇਸ ਨੂੰ ਪੜਚੋਲਣ ਉਪਰੰਤ ਮਿਤੀ 20-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

2. ਅਪੀਲਕਰਤਾ ਸ੍ਰੀ ਸਵਰਨ ਸਿੰਘ ਅੱਜ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸਨੂੰ ਮੰਗੀ ਗਈ ਸਹੀ ਸੂਚਨਾ ਅਜੇ ਤੱਕ ਨਹੀਂ ਦਿੱਤੀ ਗਈ ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਸ੍ਰੀ ਸੁਖਬੀਰ ਸਿੰਘ, ਸਮਤੀ ਪਟਵਾਰੀ, ਦਫਤਰ ਬੀ.ਡੀ.ਪੀ.ਓ. ਗੁਰੂਹਰਸਹਾਏ ਵਲੋਂ ਈ.ਮੇਲ. ਰਾਹੀਂ ਦਸਿਆ ਗਿਆ ਕਿ ਉਸਦੀ ਅਚਾਨਕ ਤਬੀਅਤ ਖਰਾਬ ਹੋ ਗਈ ਹੈ ਇਸ ਲਈ ਉਹ ਹਾਜ਼ਰ ਨਹੀਂ ਹੋ ਸਕਦਾ। ਪੱਤਰ ਕਮਿਸ਼ਨ ਨੂੰ ਸਬੋਧਤ ਹੈ, ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ ਵਲੋਂ ਪ੍ਰਾਪਤ ਈ.ਮੇਲ. ਰਾਹੀਂ ਸਬੰਧਤ ਕਰਮਚਾਰੀ ਸ੍ਰੀ ਸੁਖਬੀਰ ਸਿੰਘ, ਸਮਤੀ ਪਟਵਾਰੀ, ਦਫਤਰ ਬੀ.ਡੀ.ਪੀ.ਓ. ਗੁਰੂਹਰਸਹਾਏ ਵਲੋਂ ਦਸਿਆ ਗਿਆ ਕਿ ਉਸਦੀ ਅਚਾਨਕ ਤਬੀਅਤ ਖਰਾਬ ਹੋ ਗਈ ਹੈ ਇਸ ਲਈ ਉਹ ਹਾਜ਼ਰ ਨਹੀਂ ਹੋ ਸਕਦਾ। ਇਸ ਲਈ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 16-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 04 ਫਰਵਰੀ, 2020.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਸੁੱਖਚੈਣ ਸਿੰਘ 9463518565
ਸੋਨਾਮ ਮੁੱਹਲਾ ਫਤਿਹਗੜ ਚੂੜਿਆ,
ਤਹਿਸੀਲ ਬਟਾਲਾ ਜਿਲਾ ਗੁਰਦਾਸਪੁਰ । -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਈ.ਓ. ਨਗਰ ਕਾਉਂਸਿਲ ਫਤਿਹਗੜ ਚੂੜਿਆ
ਜਿਲਾ ਗੁਰਦਾਸਪੁਰ।

ਪਹਿਲੀ ਅਪੀਲੀ ਅਥਾਰਟੀ
ਡਿਪਟੀ ਡਾਇਰੈਕਟਰ ਸਥਾਨਕ ਸਰਕਾਰ ਅੰਮ੍ਰਿਤਸਰ। -------ਉੱਤਰਦਾਤਾ

**ਅਪੀਲ ਕੇਸ ਨੰ: 3630 /2019**

**ਹਾਜ਼ਰ:-**

1) ਅਪੀਲਕਰਤਾ ਸ੍ਰੀ ਸੁੱਖਚੈਣ ਸਿੰਘ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਬਲਦੇਵ ਸਿੰਘ ਕਲਰਕ ( 9779468261)।

**ਹੁਕੱਮ**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਬਿਨੈ ਪੱਤਰ ਮਿਤੀ 28-06-2019 / 03-07-2019, ਲੋਕ ਸੂਚਨਾ ਅਧਿਕਾਰੀ ,ਈ.ਓ. ਨਗਰ ਕਾਉਂਸਿਲ ਫਤਿਹਗੜ ਚੂੜਿਆ ਜਿਲਾ ਗੁਰਦਾਸਪੁਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਡੇਰਾ ਰੋਡ ਸਥਿਤ ਪਾਰਕ ਅੰਦਰ ਜ਼ੋ ਵੇਰਕਾ ਬੂਥ ਲਗਾਇਆ ਗਿਆ ਹੈ ਉਸ ਨਾਲ ਸਬੰਧਤ 08 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 03-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 26-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 16-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 13-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਇਹ ਕੇਸ ਅਗਲੀ ਸੁਣਵਾਈ ਮਿਤੀ 07-01-2020 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

2. ਮਿਤੀ 07-01-2020 ਨੂੰ ਅਪੀਲਕਰਤਾ ਪੇਸ਼ੀ ਤੇ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਉਸਨੂੰ ਜ਼ੋ ਸੂਚਨਾ ਦਿੱਤੀ ਗਈ ਹੈ ਉਹ ਸਹੀ ਨਹੀ ਹੈ, ਸਹੀ ਅਤੇ ਮੁਕੰਮਲ ਸੂਚਨਾ ਮੁਹੱਈਆ ਕਰਵਾਈ ਜਾਵੇ।ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਰਮੇਸ਼ ਕੁਮਾਰ ਇੰਨਸਪੈਕਟਰ ਹਾਜ਼ਰ ਹੋਇਆ, ਉਸ ਵਲੋਂ ਪੱਤਰ ਪਿੱਠ ਅੰਕਣ ਨੰ: 2, ਮਿਤੀ 03-01-2020 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਮਿਸ਼ਨ ਨੂੰ ਕਾਪੀ ਕੀਤੀ ਗਈ ਹੈ, ਜਿਸ ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਪੱਤਰ ਨੰ: 70 ਮਿਤੀ 02-08-2019 ਰਾਹੀਂ ਮੁਹੱਈਆ ਕਰਵਾਈ ਜਾ ਚੁੱਕੀ ਹੈ। ਉੱਤਰਦਾਤਾ ਦੇ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਉੱਕਤ ਪੱਤਰ ਅਤੇ ਭੇਜੀ ਗਈ ਸੂਚਨਾ ਨੂੰ ਘੋਖਣ ਤੇ ਪਾਇਆ ਗਿਆ ਕਿ ਅਪੀਲਕਰਤਾ ਨੂੰ ਅਜੇ ਤੱਕ ਸਹੀ ਸੂਚਨਾ ਨਹੀਂ ਭੇਜੀ ਗਈ, ਜਿਹੜਾ ਉੱਤਰ ਭੇਜਿਆ ਗਿਆ ਹੈ ਅਤੇ ਜ਼ੋ ਫਾਇਲ ਦਾ ਹਿੱਸਾ ਵੀ ਹੈ (ਪੱਤਰ ਨੰ: ਐਮ./ਸੀ/ਐਫ/45 ਆਰ.ਟੀ.ਆਈ./2019 ਮਿਤੀ 01-07-2019 ) ਇਹ ਪੱਤਰ ਸ੍ਰੀ ਸੁਸ਼ੀ ਡੋਗਰਾ ਪੁੱਤਰ ਸ਼ੇਰੀ ਲਾਲ ਡੋਗਰਾ ਨੂੰ ਸੰਬੋਧਤ ਹੈ, ਜਿਸ ਦਾ ਇਸ ਕੇਸ ਨਾਲ ਕੋਈ ਸਬੰਧ ਨਹੀਂ ਹੈ। ਇਸ ਤੋਂ ਇਲਾਵਾ ਜ਼ੋ ਉੱਤਰ ਹੁਣ ਪੱਤਰ ਮਿਤੀ 03-01-2020 ਰਾਹੀਂ ਦਿੱਤਾ ਗਿਆ ਹੈ ਉਸ ਨਾਲ ਨੱਥੀ ਪੱਤਰ ਮਿਤੀ 02-08-2019 ਰਾਹੀਂ ਬਿਲਕੁਲ ਗੱਲਤ ਉੱਤਰ ਦਿੱਤਾ ਗਿਆ ਹੈ ਕਿਉਂਜੋ ਅਪੀਲਕਰਤਾ ਵਲੋਂ ਅਰਜੀ /ਪੱਤਰ ਮਿਤੀ 03-07-2019 ਵਿਚ 1982-84 ਅਤੇ ਸਾਲ 2018-19 ਨਾਲ ਸਬੰਧਤ ਸੂਚਨਾ ਦੀ ਮੰਗ ਕੀਤੀ ਗਈ ਹੈ। ਇਸ ਲਈ ਈ.ਓ. ਨਗਰ ਕਾਂਉਂਸਲ ਸ੍ਰੀ ਭੁਪਿੰਦਰ ਸਿੰਘ ਨੂੰ ਹਦਾਇਤ ਕੀਤੀ ਗਈ ਸੀ ਕਿ ਗਲਤ ਸੂਚਨਾ ਭੇਜਣ ਵਾਲੇ ਕਰਮਚਾਰੀ ਦੀ ਨਿਸ਼ਾਨਦੇਹੀ ਕਰਕੇ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾਉਂਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ

ਪਰਤੋ ਜੀ ------ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 3630 /2019**

04-02-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਅਪੀਲਕਰਤਾ ਪੇਸ਼ੀ ਤੇ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਅਜੇ ਵੀ ਮੁਕੰਮਲ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਨੁਕਤਾ ਨੰਬਰ 7 ਅਤੇ 8 ਸਬੰਧੀ ਜਾਣਕਾਰੀ ਨਹੀਂ ਦਿੱਤੀ ਗਈ ਕਿ ਦੁਕਾਨਾਂ ਦਾ ਕਿਤਨਾ ਕਿਤਨਾ ਕਿਰਾਇਆ ਬਕਾਇਆ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਬਲਦੇਵ ਸਿੰਘ ਕਲਰਕ ਹਾਜਰ ਹੋਇਆ ਉਸ ਵਲੋਂ ਪੱਤਰ ਨੰ: 41 ਮਿਤੀ 03-02-2020 ਪੇਸ਼ ਕੀਤਾ ਗਿਆ ਜ਼ੋ ਸੁਖਚੈਨ ਸਿੰਘ ਨੂੰ ਸੰਬੋਧਤ ਹੈ ਅਤੇ ਕਮਿਸ਼ਨ ਨੂੰ ਉਤਾਰਾ ਕੀਤਾ ਗਿਆ ਹੈ। ਪੱਤਰ ਅਪੀਲਕਰਤਾ ਨੂੰ ਪੇਸ਼ੀ ਦੋਰਾਨ ਦੇ ਦਿੱਤਾ ਗਿਆ ਅਤੇ ਇਕ ਕਾਪੀ ਕਮਿਸ਼ਨ ਨੂੰ ਦਿੱਤੀ ਗਈ ਜ਼ੋ ਮਿਸਲ ਤੇ ਰੱਖ ਲਿਆ ਗਿਆ ਹੈ।

5. ਅਪੀਲਕਰਤਾ ਅਨੁਸਾਰ ਉਸ ਨੂੰ ਅਜੇ ਵੀ ਮੁਕੰਮਲ ਸੂਚਨਾ ਨਹੀਂ ਦਿਤੀ ਗਈ। ਉਸ ਵਲੋਂ ਦਸਿਆ ਗਿਆ ਕਿ ਜਿਥੋਂ ਤੱਕ ਨੁਕਤਾ ਨੰ: 7 ਵਿਚ ਸਾਲ 1882-83 ਦਾ ਸਬੰਧ ਹੈ ਇਸ ਸਬੰਧੀ ਉਸ ਵਲੋਂ ਮਿਤੀ 3-7-2019 ਰਾਹੀਂ ਸਪੱਸ਼ਟ ਕੀਤਾ ਗਿਆ ਸੀ ਕਿ ਲੜੀ ਨੰ: 1 ਤੋਂ 6 ਤੱਕ ਦੀ ਜਾਣਕਾਰੀ ਮਿਤੀ ਸਾਲ 2018-19 ਅਤੇ ਲੜੀ ਨੰ: 7 ਨੂੰ ਸਾਲ 1982-84 ਪੜਿਆ ਜਾਵੇ। ਪਰ ਉੱਤਰਦਾਤਾ ਵਲੋਂ ਅਜੇ ਵੀ ਨੁਕਤਾ ਨੰ: 7,ਸਾਲ 1882-83 ਪੁਰਾਣਾ ਹੋਣ ਕਾਰਨ ਸੂਚਨਾ ਉਪਲਭਧ ਨਹੀਂ ਹੈ ਦਸਿਆ ਗਿਆ ਹੈ। ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਪੱਤਰ ਮਿਤੀ 3-2-2020 ਜ਼ੋ ਅਪੀਲਕਰਤਾ ਨੂੰ ਪੇਸ਼ੀ ਦੋਰਾਨ ਦਿੱਤਾ ਗਿਆ ਜਿਸ ਅਨੁਸਾਰ ਲੜੀ ਨੰ: 1 ਤੋਂ 6 ਅਤੇ ਲੜੀ ਨੱ: 8 ਤੱਕ ਦੀ ਸੂਚਨਾ ਦੇ ਦਿੱਤੀ ਗਈ ਜਿਸ ਤੋਂ ਕਮਿਸ਼ਨ ਸੰਤੁਸ਼ਟ ਹੈ, ਪਰ ਲੜੀ ਨੰ: 7 ਦੇ ਸਬੰਧ ਵਿਚ ਅਪੀਲਕਰਤਾ ਵਲੋਂ ਦਸੇ ਅਨੁਸਾਰ ਇਸ ਨੂੰ ਸਾਲ 1982-83 ਪੜਿਆ ਜਾਵੇ, ਕਿਉਂਜੋ ਇਹ ਵੀ ਕਾਫੀ ਪੁਰਾਣੀ ਸੂਚਨਾ ਹੈ ਅਤੇ ਜੇਕਰ ਇਹ ਸੂਚਨਾ ਉਨ੍ਹਾਂ ਦੇ ਦਫਤਰ ਵਿਚ ਉਪਲਭਧ ਹੋਵੇ ਤਾਂ ਅਪੀਲਕਰਤਾ ਨੂੰ ਦੇ ਦਿੱਤੀ ਜਾਵੇ। ਇਸ ਦੇ ਨਾਲ ਹੀ ਬੀ.ਡੀ.ਪੀ.ਓ. ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪਹਿਲੇ ਹੁਕੱਮਾਂ ਅਨੁਸਾਰ ਗਲਤ ਸੂਚਨਾ ਭੇਜਣ ਵਾਲੇ ਕਰਮਚਾਰੀ ਦੀ ਜੁਮੇਵਾਰੀ ਨਿਰਧਾਰਤ ਕਰਦੇ ਹੋਏ ਉਸ ਵਿਰੁੱਧ ਬਨਦੀ ਕਾਰਵਾਈ ਕੀਤੀ ਜਾਵੇ। ਇਸ ਤਰ੍ਹਾਂ ਇਸ ਕੇਸ ਵਿਚ ਹੋਰ ਕਾਰਵਾਈ ਦੀ ਲੋੜ ਨਹੀਂ। **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 04 ਫਰਵਰੀ, 2020.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਉਜਾਗਰ ਸਿੰਘ, (98789-61815)
ਪੁੱਤਰ ਸ਼੍ਰੀ ਬੰਤ ਸਿੰਘ,ਵਾਸੀ ਗਲੀ ਨੰ:1,
ਮਾਨ ਕਲੌਨੀ ਡਾਬਾ (ਲੁਧਿਆਣਾ)। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,ਦਫਤਰ ਰਜਿਸਟਰਾਰ,
ਮਨੁੱਖੀ ਅਧਿਕਾਰ ਕਮਿਸ਼ਨ, ਪੰਜਾਬ, ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,ਦਫ਼ਤਰ ਰਜਿਸਟਰਾਰ,
ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ, ਚੰਡੀਗੜ੍ਹ। -------ਉੱਤਰਦਾਤਾ

**ਅਪੀਲ ਕੇਸ ਨੰ: 460/2019**

**ਹਾਜ਼ਰ:-**

1) ਅਪੀਲਕਰਤਾ ਸ਼੍ਰੀ ਉਜਾਗਰ ਸਿੰਘ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ ) ਵੱਲੋਂ ਸ਼੍ਰੀ ਅਵਤਾਰ ਸਿੰਘ, ਐਚ.ਸੀ. (9417958706) ਅਤੇ ਦਲਜੀਤ ਸਿੰਘ ਏ.ਐਸ.ਆਈ.(9815030974)

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 31-10-2018, ਲੋਕ ਸੂਚਨਾ ਅਧਿਕਾਰੀ ਦਫਤਰ ਰਜਿਸਟਰਾਰ, ਮਨੁੱਖੀ ਅਧਿਕਾਰ ਕਮਿਸ਼ਨ, ਪੰਜਾਬ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਰਜਿਸਟਰਡ ਡਾਕ ਨੰ:ਆਰ.ਪੀ.761617705 (03-10-15) ਅਤੇ ਆਰ.ਪੀ.783073002 (20/10/2018) ਰਾਹੀਂ ਭੇਜੀਆਂ ਗਈਆਂ ਦਰਖਾਸਤਾਂ ਤੇ ਕੀਤੀ ਗਈ ਕਾਰਵਾਈ ਨਾਲ ਸਬੰਧਤ 05 ਨੁਕਤਿਆਂ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 04-12-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 22-01-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 29-05-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 03-7-2019 ਨੂੰ ਸਵੇਰੇ 11:00 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਇਸ ਉਪਰੰਤ ਅਗਲੀਆਂ ਮਿਤੀਆਂ ਨੂੰ ਹੋਈ ਕਾਰਵਾਈ ਉਪਰੰਤ ਅਗਲੀ ਸੁਣਵਾਈ ਅਗਲੀ ਸੁਣਵਾਈ ਮਿਤੀ 07-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ ਦੀ ਮਿਤੀ 07-01-2020 ਨੂੰ ਅਪੀਲਕਰਤਾ ਸ਼੍ਰੀ ਉਜਾਗਰ ਸਿੰਘ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੰਗੀ ਗਈ ਮੁਕੰਮਲ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ ਉਸ ਵਲੋਂ ਪੱਤਰ ਮਿਤੀ 07-12-2019 ਪੇਸ਼ ਕੀਤਾ ਗਿਆ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ ) ਵੱਲੋਂ ਸ਼੍ਰੀ ਤਰਸੇਮ ਸਿੰਘ, ਐਚ.ਸੀ. ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਪਹਿਲਾਂ ਹੀ ਸੂਚਨਾ ਭੇਜੀ ਜਾ ਚੁੱਕੀ ਹੈ, ਪਰ ਇਸ ਸਬੰਧੀ ਕੋਈ ਪੱਤਰ ਜਾਂ ਰਸੀਟ ਨਹੀਂ ਵਿਖਾ ਸਕਿਆ। ਇਸ ਲਈ ਉਸਨੂੰ ਸਮਝਾ ਦਿੱਤਾ ਗਿਆ ਕਿ ਅਪੀਲਕਰਤਾ ਨੂੰ ਪੱਤਰ ਲਿਖਿਆ ਜਾਵੇ ਜਿਸ ਵਿਚ ਮੰਗੀ ਗਈ ਸੂਚਨਾ ਦੇ ਸਬੰਧ ਵਿਚ ਹੁਣ ਤੱਕ ਹੋਈ ਕਾਰਵਾਈ ਬਾਰੇ ਦਸਤਾਵੇਜ਼ਾਂ ਸਹਿਤ ਨੁਕਤਾਵਾਰ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਉਂਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 04-02-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਅਪੀਲਕਰਤਾ ਹਾਜ਼ਰ ਹੋਇਆ ਉਸ ਵਲੋ ਦਸਿਆ ਗਿਆ ਕਿ ਉਸਨੂੰ ਪਹਿਲਾਂ ਜੋ ਸੂਚਨਾ ਭੇਜੀ ਗਈ ਸੀ , ਸਹੀ ਨਹੀਂ ਸੀ ਉਸਤੋਂ ਇਲਾਵਾ ਹੋਰ ਕੋਈ ਸੂਚਨਾ ਨਹੀਂ ਭੇਜੀ ਗਈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ ) ਵੱਲੋਂ ਸ਼੍ਰੀ ਅਵਤਾਰ ਸਿੰਘ, ਐਚ.ਸੀ. ਅਤੇ ਦਲਜੀਤ ਸਿੰਘ ਏ.ਐਸ.ਆਈ. ਹਾਜ਼ਰ ਹੋਏ ਉਨ੍ਹਾਂ ਵਲੋਂ ਪੱਤਰ ਨੰ:ਏਸੀ. 460/19/ਆਰ.ਟੀ.ਆਈ. ਮਿਤੀ 3-2-2020 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ। ਇਸ ਦੇ ਨਾਲ ਹੀ ਦਸਿਆ ਗਿਆ ਕਿ ਅਪੀਲਕਰਤਾ ਨੂੰ ਪਹਿਲਾਂ ਵੀ ਪੱਤਰ ਮਿਤੀ

ਪਰਤੋ ਜੀ-----ਚਲਦਾ ਪੰਨਾ /2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 460/2019**

5-11-2019 ਰਾਹੀਂ ਸੂਚਨਾ ਭੇਜੀ ਜਾ ਚੁੱਕੀ ਹੈ।

5 ਅਪੀਲਕਰਤਾ ਅਤੇ ਉੱਤਰਦਾਤਾ ਦੋਵੇ ਧਿਰਾਂ ਅੱਜ ਪੇਸ਼ੀ ਤੇ ਹਾਜ਼ਰ ਹੋਈਆਂ। ਉੱਤਰਦਾਤਾ ਵਲੋਂ ਅੱਜ ਉਕਤ ਪੱਤਰ ਮਿਤੀ 3-2-2020 ਪੇਸ਼ ਕੀਤਾ ਗਿਆ ਜਿਸਦੀ ਕਾਪੀ ਅਪੀਲਕਰਤਾ ਨੂੰ ਪੇਸ਼ੀ ਦੋਰਾਨ ਦੇ ਦਿੱਤੀ ਗਈ । ਅਪੀਲਕਰਾ ਵਲੋਂ ਮੁੜ ਦਸਿਆ ਗਿਆ ਕਿ ਦਿੱਤੀ ਜਾ ਰਹੀ ਸੂਚਨਾ ਸਹੀ ਨਹੀਂ ਹੈ, ਜਦੋਂ ਕਿ ਉੱਤਰਦਾਤਾ ਅਨੁਸਾਰ ਉਨ੍ਹਾਂ ਵਲੋਂ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਦੇ ਸਬੰਧ ਵਿਚ ਨੁਕਤਾਵਾਰ ਸੂਚਨਾ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ। ਅੱਜ ਮੁੜ ਪੱਤਰ ਮਿਤੀ 3-2-2020 ਰਾਹੀਂ ਨੁਕਤਾਵਾਰ ਸੂਚਨਾ ਦੇ ਦਿਤੀ ਗਈ ਹੈ। ਇਸ ਤਰ੍ਹਾਂ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਨਾਲ ਕਮਿਸ਼ਨ ਸੰਤੁਸ਼ਟ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ, 04 ਫਰਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਲਾਜਪਤ ਰਾਏ ਪੁੱਤਰ ਸ੍ਰੀ ਹਰਬੰਸ ਲਾਲ
ਬੀ 3/287 ਰੋਮਾਨਾ ਗੱਲੀ, ਜੈਤੋ, ਜਿਲਾ ਫਰੀਦਕੋਟ -----ਅਪੀਲਕਰਤਾ
ਬਨਾਮ
ਲੋਕ ਸੂਚਨਾ ਅਫਸਰ
ਦਫਤਰ ਚੀਫ ਡਾਇਰੈਕਟਰ ਵਿਜੀਲੈਂਸ ਬਿਉਰੋ, ਮੋਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਚੀਫ ਡਾਇਰੈਕਟਰ ਵਿਜੀਲੈਂਸ ਬਿਉਰੋ, ਮੋਹਾਲੀ ----ਉੱਤਰਦਾਤਾ

**ਅਪੀਲ ਕੇਸ ਨੰ: 4173 ਆਫ 2019**

**ਹਾਜ਼ਰ**

1) ਅਪੀਲਕਰਤਾ ਸ੍ਰੀ ਲਾਜਪਤ ਰਾਏ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਨੀਲ ਰਤਨ, ਕੰਸਟੇਬਲ (9779074400) ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 20-04-2019 , ਲੋਕ ਸੂਚਨਾ ਅਧਿਕਾਰੀ ਦਫਤਰ ਚੀਫ ਡਾਇਰੈਕਟਰ ਵਿਜੀਲੈਂਸ ਬਿਉਰੋ, ਮੋਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਆਪਣੀ ਪ੍ਰਤੀ ਬੇਨਤੀ ਦੀ ਕਾਪੀ ਅਤੇ 29/18 ਕੇਸ ਦੀ ਇੰਨਕੁਆਰੀ ਦੀ ਮੁਕੰਮਲ ਫਾਇਲ ਸਮੇਤ ਨੋਟਿੰਗ ਦੀ ਫੋਟੋ ਕਾਪੀ ਅਤੇ ਮਹੀਨਾ 8/2017 ਵਿਚ ਸ੍ਰੀ ਗੁਰਸੇਵਕ ਸਿੰਘ ਵਲੋ ਮਿਤੀ 24-09-2018 ਨੂੰ ਸ੍ਰੀ ਬਿਮਲਾ ਦੇਵੀ ਵਲੋਂ ਅਤੇ ਨਾਇਬ ਸਿੰਘ ਵਲੋਂ ਫਾਇਲ ਕੀਤੀਆਂ ਗਈਆਂ ਅਰਜੀਆਂ ਦੀਆਂ ਫੋਟੋ ਕਾਪੀਆਂ ਅਤੇ ਸ਼ਿਕਾਇਤ ਨੰ: 7/2017 ਜ਼ੋ ਕਿ ਸ੍ਰੀ ਬਲਵਿੰਦਰ ਸਿੰਘ ਕਲਰਕ, ਐਮ.ਸੀ., ਜੈਤੋ ਵਿਰੁੱਧ ਹੋਈ ਸੀ ਦੀ ਫਾਇਲ ਦੀਆਂ ਫੋਟੋ ਕਾਪੀਆਂ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 21-09-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 7-11-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 02-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 21-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2 ਪਿਛਲੀ ਸੁਣਵਾਈ ਦੀ ਮਿਤੀ 21-01-2020 ਨੂੰ ਅਪੀਲਕਰਤਾ ਸ੍ਰੀ ਲਾਜਪਤ ਰਾਏ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਨੀਲ ਰਤਨ, ਕੰਸਟੇਬਲ ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 55162/ਵਬ/ਐਸ-14 ਮਿਤੀ ਨਿੱਲ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਅਪੀਲਕਰਤਾ ਨੂੰ ਉਤਾਰਾ ਕੀਤਾ ਗਿਆ ਹੈ ਪੇਸ਼ ਕੀਤਾ ਗਿਆ। ਉੱਤਰਦਾਤਾ ਅਨੁਸਾਰ ਉਨ੍ਹਾਂ ਪਾਸ ਪਹਿਲਾਂ ਕੋਈ ਅਰਜੀ ਨਹੀਂ ਆਈ ਅਤੇ ਅਪੀਲੇਟ ਅਥਾਰਟੀ ਪਾਸ ਅਪੀਲ ਪ੍ਰਾਪਤ ਹੋਣ ਤੇ ਪਤਾ ਚਲਿਆ ਕਿ ਅਰਜੀ ਫਾਇਲ ਕੀਤੀ ਹੈ ਜਿਸ ਵਿਚ ਇੰਨਕੁਆਰੀ ਨੰ: 29/18 ਨਾਲ ਸਬੰਧਤ ਮਿਸਲ ਅਤੇ ਸ੍ਰੀ ਗੁਰਦੇਵ ਸਿੰਘ ਪੁੱਤਰ ਸ੍ਰੀ ਰਾਮ ਸਿੰਘ ਵਲੋਂ 8/2017 ਵਿਚ, ਬਿਮਲਾ ਦੇਵੀ ਪੱਤਨੀ ਸ੍ਰੀ ਦੁਰਗਾ ਦਾਸ ਵਲੋਂ ਮਿਤੀ 24-9-2018 ਨੂੰ ਅਤੇ ਨਾਇਬ ਸਿੰਘ ਪੁੱਤਰ ਸ੍ਰੀ ਮਹਿੰਦਰ ਸਿੰਘ ਵਲੋਂ ਮਿਤੀ 24-9-2018 ਨੂੰ ਅਰਜੀਆਂ ਦਿੱਤੀਆਂ ਗਈਆਂ ਸਨ ਉਸ ਦਾ ਸਟੇਟਸ ਅਤੇ ਫਾਇਲ ਦੀਆਂ ਕਾਪੀਆਂ ਦੀ ਮੰਗ ਕੀਤੀ ਗਈ ਹੈ। ਇਸ ਤਰ੍ਹਾਂ ਉੱਤਰਦਾਤਾ ਵਲੋਂ ਦਿੱਤੀ ਗਈ ਜਾਣਕਾਰੀ ਅਧੂਰੀ ਹੈ । ਇਸ ਲਈ ਡਿਟੇਲ ਵਿਚ ਮੁਕੰਮਲ ਜਾਣਕਾਰੀ ਦੇਣ ਲਈ ਹਦਾਇਤ ਕਰਦੇ ਹੋਏ ਇਹ ਅਪੀਲ ਕੇਸ ਸੁਣਵਾਈ ਮਿਤੀ 04-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਅਪੀਲਕਰਤਾ ਸ੍ਰੀ ਲਾਜਪਤ ਰਾਏ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ।ਉਸ ਵਲੌਂ ਪ੍ਰਤੀ ਬੇਨਤੀ ਮਿਤੀ 4-2-2020 ਪੇਸ਼ ਕੀਤੀ ਗਈ ਜ਼ੋ ਕਮਿਸ਼ਨ ਨੂੰ ਸਬੋਧਤ ਹੈ ਰਾਹੀਂ ਦਸਿਆ ਗਿਆ ਕਿ ਉਸਦਾ ਕੇਸ ਦਰਖਾਸਤ ਮਿਤੀ 11-8-2017 ਦਾ ਹੈ ਉਸਨੂੰ ਕਮਿਸ਼ਨ ਪਾਸ ਮਿਤੀ 6-11-2019 ਨੂੰ ਅਪੀਲ ਪਾਈ ਸੀ ਸਿਰਫ ਇਕ ਪੱਤਰ ਮਿਤੀ 11-11-2019 ਨੂੰ ਪ੍ਰਾਪਤ ਹੋਇਆ ਪਰ ਸੂਚਨਾ ਪ੍ਰਾਪਤ ਨਹੀਂ ਹੋਈ। ਉਸਦੇ ਅਤੇ ਉਸਦੀ ਭਰਜਾਈ ਦੇ ਸਟਾਂ ਮਾਰੀਆਂ ਗਈਆਂ ਸਨ, ਜਿਸ ਸਬੰਧ ਵਿਚ ਉਸ ਵਲੋਂ ਦਰਖਾਸਤਾਂ ਦਿੱਤੀਆਂ ਗਈਆਂ ਸਨ, ਪਰ ਉਨ੍ਹਾਂ ਤੇ ਮੁਕੱਦਮਾ ਦਰਜ ਕਰ ਦਿੱਤਾ। ਇਸ ਲਈ ਉਸ ਵਲੋਂ ਇਸ ਨਾਲ ਸਬੰਧਤ ਇੰਨਕੁਆਰੀ ਰਿਪੋਰਟ ਅਤੇ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**





ਦਫਤਰੀ ਨੋਟਿੰਗ ਸਬੰਧੀ ਪੂਰੀ ਮਿਸਲ ਦੀਆਂ ਫੋਟੋ ਕਾਪੀਆਂ ਦੇ ਨਾਲ ਨਾਲ ਬੀਮਲਾ ਦੇਵੀ ਅਤੇ ਗੁਰਸੇਵਕ ਸਿੰਘ ਆਦਿ ਦੀ ਸਕਾਇਤ ਨਾਲ ਸਬੰਧਤ ਸੂਚਨਾ ਮੰਗੀ ਗਈ ਸੀ ਜ਼ੋ ਅੱਜੇ ਤੱਕ ਨਹੀਂ ਦਿਤੀ ਗਈ।ਪੜਤਾਲ ਪੂਰੀ ਹੋ ਚੁੱਕੀ ਹੈ ਰਿਕਾਰਡ ਦਿਲਾਇਆ ਜਾਵੇ ਅਤੇ ਜੁਰਮਾਨਾ ਪਾਇਆ ਜਾਵੇ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਨੀਲ ਰਤਨ, ਕੰਸਟੇਬਲ ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 4972/ਵਬ/ਐਸ.14, ਮਿਤੀ 3-2-2020 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਉਤਾਰਾ ਕਮਿਸ਼ਨ ਨੂੰ ਕੀਤਾ ਗਿਆ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਅਪੀਲਕਰਤਾ ਵਲੋਂ ਉਕਤ ਦਸੇ ਅਨੁਸਾਰ ਪੱਤਰ ਮਿਤੀ 4-2-2010 ਜ਼ੋ ਕਮਿਸ਼ਨ ਨੂੰ ਸਬੋਧਤ ਹੈ ਦਿੱਤਾ ਗਿਆ ਅਤੇ ਦਸਿਆ ਗਿਆ ਕਿ ਅਜੇ ਤੱਕ ਮੁਕੰਮਲ ਸੂਚਨਾ ਨਹੀਂ ਦਿੱਤੀ ਗਈ ਜਦੋਂ ਕਿ ਇੰਨਕੁਆਰੀ ਮੁਕੰਮਲ ਹੋ ਚੁੱਕੀ ਹੈ। ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਉਕੱਤ ਪੱਤਰ ਮਿਤੀ 3-2-2020 ਰਾਹੀਂ ਦਸਿਆ ਗਿਆ ਕਿ ਸ਼ੱਕੀਆਂ ਦੇ ਪ੍ਰਬੰਧਕੀ ਵਿਭਾਗ ਤੋਂ ਸੱਕੀਆਂ ਵਿਰੁੱਧ ਵਿਜੀਲੈਂਸ ਇੰਨਕੁਆਰੀ ਦਰਜ ਕਰਨ ਲਈ ਪੂਰਵ ਪ੍ਰਵਾਨਗੀ ਮੰਗੀ ਗਈ ਹੈ ਜ਼ੋ ਪ੍ਰਾਪਤ ਨਹੀਂ ਹੋਈ। ਇਸ ਤੋਂ ਇਲਾਵਾ ਸ੍ਰੀ ਗੁਰਸੇਵਕ ਸਿੰਘ ਅਤੇ ਨਾਇਬ ਸਿੰਘ ਦੀ ਸ਼ਿਕਾਇਤ ਵਿਚਾਰਨ ਉਪਰੰਤ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਨੂੰ ਯੋਗ ਕਾਰਵਾਈ ਹਿੱਤ ਭੇਜ਼ ਦਿੱਤਾ ਗਿਆ ਸੀ। ਇਸ ਲਈ ਆਰ.ਟੀ.ਆਈ.ਐਕ. 2005 ਦੀ ਧਾਰਾ 8(1)(ਜੀ) ਅਧੀਨ ਸੂਚਨਾ ਨਹੀਂ ਦਿੱਤੀ ਜਾ ਸਕਦੀ। ਉੱਤਰਦਾਤਾ ਵਲੋਂ ਸਪਸੱਟ ਕੀਤਾ ਗਿਆ ਕਿ ਐਸ.ਐਸ.ਪੀ. ਵਲੋਂ ਇੰਨਕੁਆਰੀ ਮੁਕੰਮਲ ਕਰਨ ਉਪਰੰਤ ਧਾਰਾ 17-ਏ ਪੀ.ਸੀ.(ਅਮੈਂਡਮੈਂਟ) ਐਕਟ 2018 ਤਹਿਤ ਪ੍ਰਬੰਧਕੀ ਵਿਭਾਗ ਦੀ ਪੂਰਵ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਲੋੜੀਂਦੀ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਅਪੀਲਕਰਤਾ ਵਲੋਂ ਮੰਗੀ ਗਈ ਜਾਣਕਾਰੀ ਉਸਦੀ ਆਰ.ਟੀ.ਆਈ. ਦੀ ਅਰਜੀ ਅਨੁਸਾਰ ਮੁਹੱਈਆ ਕਰਵਾ ਦਿਤੀ ਜਾਵੇ। ਇਸ ਹਦਾਇਤ ਨਾਲ ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ,** 04 **ਫਰਵਰੀ,** 2020.